## ਅੰਗਰੇਜ਼ੀ ਭਾਸ਼ਾ ਸਿੱਖਣ ਵਾਲਿਆਂ ਲਈ TDSB ਕਿਹੜੀਆਂ ਸੇਵਾਵਾਂ ਪੇਸ਼ ਕਰਦਾ ਹੈ?

• ਸੀਮਤ ਪਹਿਲੀ ਰਸਮੀ ਸਿੱਖਿਆ ਵਾਲੇ ਵਿਦਿਆਰਥੀਆਂ ਲਈ 36 ਐਲੀਮੈਂਟਰੀ ਅਤੇ 14 ਸੈਕੰਡਰੀ ਸਕੂਲਾਂ ਵਿੱਚ ਲਿਟਰੇਸੀ ਐਨਰਿਚਮੈਂਟ ਅਕੈਡਮਿਕ ਪ੍ਰੋਗਰੈਮ (LEAP)

• ਅਨੁਵਾਦ ਤੇ ਦੁਭਾਸ਼ੀਆ ਸੇਵਾਵਾਂ

• ਸੈਕੰਡਰੀ ਸਕੂਲਾਂ ਵਿੱਚ ਨਵੇਂ ਆਉਣ ਵਾਲੇ ਵਿਦਿਆਰਥੀਆਂ ਨੂੰ ਆਰੰਭਕ ਮੁਲਾਂਕਣ ਮੁਹਈਆ ਕਰਨ ਲਈ ਨਵੇਂ ਆਉਣ ਵਾਲਿਆਂ ਦੇ ਚਾਰ ਸਵਾਗਤੀ ਸੈਂਟਰ

• ਨਵੇਂ ਆਉਣ ਵਾਲੇ, ਜਿਨ੍ਹਾਂ ਦੀ ਅਕਾਦਮਿਕ ਸਫਲਤਾ ਜੋਖ਼ਮ 'ਤੇ ਹੋ ਸਕਦੀ ਹੈ, ਜਾਂ ਜਿਨ੍ਹਾਂ ਦੀਆਂ ਵਿਸ਼ੇਸ਼ ਲੋੜਾਂ ਹੋ ਸਕਦੀਆਂ ਹਨ, ਵਾਸਤੇ ਪਹਿਲੀ ਭਾਸ਼ਾ ਮੁਲਾਂਕਣ (40 ਤੋਂ ਵੱਧ ਭਾਸ਼ਾਵਾਂ ਵਿੱਚ)

• ਨਵੇਂ ਆਉਣ ਵਾਲੇ ਪਰਿਵਾਰਾਂ ਅਤੇ ਵਿਦਿਆਰਥੀਆਂ ਦੀ ਸਹਾਇਤਾ ਕਰਨ ਲਈ ਸਕੂਲਾਂ ਵਿੱਚ ਸੂਬਾਈ ਵਸੇਬਾ ਵਰਕਰਾਂ ਦੇ ਨਾਲ ਭਾਈਵਾਲੀਆਂ





## ਮੈਂ ਆਪਣੇ ਬੱਚੇ ਦੇ ਸਿੱਖਣ ਵਿੱਚ ਕਿਵੇਂ ਸਹਾਇਤਾ ਕਰ ਸਕਦਾ ਹਾਂ?

ਸ਼ਾਮਲ ਹੋ ਜਾਵੋ ਅਤੇ ਹੇਠ ਦੱਸੇ ਅਨੁਸਾਰ ਆਪਣੇ ਬੱਚੇ ਦੇ ਸਫਲ ਹੋਣ ਵਿੱਚ ਮਦਦ ਕਰੋ:

• ਉਨ੍ਹਾਂ ਦੇ ਕੰਮ ਅਤੇ ਉਨਤੀ ਬਾਰੇ ਅਧਿਆਪਕ/ਸਕੂਲ/ ਆਪਣੇ ਬੱਚੇ ਨਾਲ ਸੰਚਾਰ ਕਰ ਕੇ

• ਅਧਿਆਪਕ ਨਾਲ ਮੁਲਾਕਾਤ ਦੀਆਂ ਸ਼ਾਮਾਂ ਅਤੇ ਮਾਪਾ ਅਧਿਆਪਕ ਇੰਟਰਵਿਊਜ਼ ਵਿੱਚ ਸ਼ਾਮਲ ਹੋ ਕੇ

• ਰਿਪੋਰਟ ਕਾਰਡਾਂ ਬਾਰੇ ਆਪਣੇ ਬੱਚੇ ਅਤੇ ਉਸ ਦੇ ਅਧਿਆਪਕਾਂ ਨਾਲ ਸਮੀਖਿਆ ਤੇ ਚਰਚਾ ਕਰ ਕੇ

• www.eqao.com ਤੋਂ ਗਰੇਡ 3, 6, 9 ਵਿੱਚ ਸੂਬਾਈ ਟੈਸਟਿੰਗ (EQAO) ਬਾਰੇ ਸਿੱਖਕੇ

• ਧੀਰਜਵਾਨ ਅਤੇ ਸਹਾਇਕ ਹੋਕੇ: ਕਿਸੇ ਵੀ ਨਵੀਂ ਭਾਸ਼ਾ ਨੂੰ ਸਿੱਖਣ ਵਿੱਚ ਵਕਤ ਲੱਗਦਾ ਹੈ!

• ਆਪਣੇ ਬੱਚੇ ਦੀ ਪੜ੍ਹਨ, ਲਿਖਣ ਅਤੇ ਮੈਥਿਮੈਟਿਕਸ ਵਿੱਚ ਮਦਦ ਕਰਨ ਬਾਰੇ 15 ਭਾਸ਼ਾਵਾਂ ਵਿੱਚ www.edu.gov.on.ca/abc123/ ਤੋਂ ਗੁਰ ਸਿੱਖਕੇ

• ਆਪਣੀ ਸਥਾਨਕ ਟੋਰਾਂਟੋ ਪਬਲਿਕ ਲਾਇਬਰੇਰੀ ਦੀ ਬਰਾਂਚ ਵਿੱਚ ਆਪਣੇ ਬੱਚੇ ਨੂੰ ਲਿਜਾਕੇ

ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਸੰਪਰਕ ਕਰੋ:

ਆਪਣੇ ਬੱਚੇ ਦੇ ਅਧਿਆਪਕ ਨਾਲ: _______________

ਆਪਣੇ ਬੱਚੇ ਦੇ ਸਕੂਲ ਨਾਲ: _______________

ਜਾਂ ਕਿਰਪਾ ਕਰਕੇ TDSB ਦੀ ਵੈੱਬਸਾਈਟ ਵੇਖੋ: www.TDSB.on.ca

Toronto District School Board

## ESL/ELD ਸਹਾਇਤਾ ਕੀ ਹੁੰਦੀ ਹੈ?

ਕਨੇਡਾ ਪਹੁੰਚਣ 'ਤੇ ਬਹੁਤੇ ਵਿਦਿਆਰਥੀ ਆਪਣੀ ਪਹਿਲੀ ਭਾਸ਼ਾ ਵਿੱਚ ਪੜ੍ਹ ਤੇ ਲਿਖ ਸਕਦੇ ਹੁੰਦੇ ਹਨ ਪਰ ਅੰਗਰੇਜ਼ੀ ਵਿੱਚ ਉਨ੍ਹਾਂ ਦੇ ਹੁਨਰ ਸੀਮਤ ਹੋ ਸਕਦੇ ਹਨ। ਅੰਗਰੇਜ਼ੀ ਸਿੱਖਣ ਵਿੱਚ ਮਦਦ ਕਰਨ ਲਈ ਦੂਜੀ ਭਾਸ਼ਾ ਵਜੋਂ ਅੰਗਰੇਜ਼ੀ (ESL) ਦੇ ਪ੍ਰੋਗਰੈਮਜ਼ ਮੌਜੂਦ ਹਨ ਤਾਂ ਜੋ ਉਹ ਆਪਣੇ ਜਮਾਤੀਆਂ ਨਾਲ ਅੰਗਰੇਜ਼ੀ ਬੋਲਕੇ ਪੂਰੀ ਤਰ੍ਹਾਂ ਪਾਠਕਰਮ ਤੇ ਸਕੂਲ ਜੀਵਨ ਵਿੱਚ ਹਿੱਸਾ ਲੈ ਸਕਣ।



ਇੰਗਲਿਸ਼ ਲਿਟਰੇਸੀ ਡਵੈਲਪਮੈਂਟ (ELD) ਵਿੱਚ ਸਹਾਰਾ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਜਦੋਂ ਉਨਟੈਰੀਓ ਦੇ ਸਕੂਲਾਂ ਵਿੱਚ ਪਹੁੰਚਦੇ ਹਨ ਤਾਂ ਉਨ੍ਹਾਂ ਨੂੰ ਪਹਿਲਾਂ ਬਾਕਾਇਦਾ ਪੜ੍ਹਾਈ ਦੀ ਸਹੂਲਤ ਬੜੀ ਸੀਮਤ ਮਿਲੀ ਹੁੰਦੀ ਹੈ। ELD ਪ੍ਰੋਗਰੈਮਜ਼ ਵਿਦਿਆਰਥੀਆਂ ਦੀ ਸਾਖਰਤਾ ਵਿਕਸਤ ਕਰਦੇ ਹਨ। ਉਨ੍ਹਾਂ ਨੂੰ ਮੈਥਿਮੈਟਿਕਸ ਤੇ ਸਮਾਜਿਕ ਅਧਿਐਨ ਵਰਗੇ ਵੱਖ ਵੱਖ ਵਿਸ਼ਾ-ਖੇਤਰਾਂ ਵਿੱਚ ਅਕਾਦਮਿਕ ਗਿਆਨ ਵੀ ਮਿਲਦਾ ਹੈ।

## ਐਲੀਮੈਂਟਰੀ ਵਿਦਿਆਰਥੀਆਂ ਨੂੰ ਕਿਹੜੀ ESL/ELD ਸਹਾਇਤਾ ਉਪਲਬਧ ਹੁੰਦੀ ਹੈ?

• ESL ਵਿਦਿਆਰਥੀਆਂ ਨੂੰ ਪ੍ਰੋਗਰੈਮ ਮਾਡਲਜ਼, ਸਹਾਰੇ, ਅਤੇ ਮਦਦ ਦਾ ਇੱਕ ਦਾਇਰਾ ਉਪਲਬਧ ਹੁੰਦਾ ਹੈ

• ਸਕੂਲ □ਤੇ ਨਿਰਭਰ ਕਰਦਿਆਂ, ਵਿਦਿਅਰਥੀਆਂ ਨੂੰ ਹੇਠ ਲਿਖੀਆਂ ਸਹੂਲਤਾਂ ਉਪਲਬਧ ਹੁੰਦੀਆਂ ਹਨ:

>ਨਵੇਂ ਆਉਣ ਵਾਲਿਆਂ ਲਈ ਸਪੈਸ਼ਲਾਈਜ਼ਡ ਹਾਫ-ਡੇਅ ਜਮਾਤਾਂ

>ਮੌਕੇ □ਤੇ ESL ਅਧਿਆਪਕ ਜਿਹੜੇ ਅੰਗਰੇਜ਼ੀ ਸਿੱਖਣ ਵਿੱਚ ਵਿਦਿਆਰਥੀਆਂ ਦੀ ਸਹਾਇਤਾ ਕਰਦੇ ਹਨ

>ਇਟੀਨੀਰੈਂਟ(ਯਾਤਰੂ) ESL ਅਧਿਆਪਕ ਜਿਹੜੇ ਕਈ ਸਕੂਲਾਂ ਵਿੱਚ ਬੱਚਿਆਂ ਦੀ ਸਹਾਇਤਾ ਕਰਦੇ ਹਨ

ਕੀ ਮੈਨੂੰ ਆਪਣੇ ਬੱਚੇ ਨਾਲ ਆਪਣੀ ਪਹਿਲੀ ਭਾਸ਼ਾ ਬੋਲਣੀ ਜਾਰੀ ਰੱਖਣੀ ਚਾਹੀਦੀ ਹੈ?

ਬਿਲਕੁੱਲ! ਖੋਜਾਂ ਦੱਸਦੀਆਂ ਹਨ ਕਿ ਬੱਚੇ ਜਿਨ੍ਹਾਂ ਦੀ ਆਪਣੀ ਘਰੇਲੂ ਭਾਸ਼ਾ ਦੀ ਨੀਂਹ ਮਜ਼ਬੂਤ ਹੁੰਦੀ ਹੈ, ਉਹ ਸਕੂਲ ਵਿੱਚ ਅਤੇ ਸਾਡੇ ਗਲੋਬਲ ਸਮਾਜ ਵਿੱਚ ਵਡਰ ਸਫਲਤਾ ਪ੍ਰਾਪਤ ਕਰਦੇ ਹਨ।



## ਸੈਕੰਡਰੀ ਵਿਦਿਆਰਥੀਆਂ ਲਈ ਕਿਹੜੀ ESL/ELD ਸਹਾਇਤਾ ਉਪਲਬਧ ਹੁੰਦੀ ਹੈ?

ਪੰਜ ESL ਅਤੇ ਪੰਜ ELD ਕੋਰਸਿਜ਼, ਅੰਗਰੇਜ਼ੀ ਵਿੱਚ ਨਿਪੁੰਨਤਾ ਅਤੇ ਸਾਖਰਤਾ ਵਿਕਾਸ ਪੱਧਰਾਂ ਦੇ ਅਨੁਸਾਰ ਤਿਆਰ ਕੀਤੇ ਗਏ ਹਨ, **ਗਰੇਡ ਵੱਜੋਂ ਨਹੀਂ**

ESL ਅਤੇ ELD ਕੋਰਸ ਖੁੱਲ੍ਹੇ ਹਨ (ਭਾਵ ਵਿਦਿਆਰਥੀ ਸਾਰੇ ਪੋਸਟ-ਸੈਕੰਡਰੀ ਰਸਤਿਆਂ ਨੂੰ ਜਾਰੀ ਰੱਖ ਸਕਦੇ ਹਨ)

ਵਿਦਿਆਰਥੀ ਆਪਣੇ ਡਿਪਲੋਮੇ ਲਈ ਅੰਗਰੇਜ਼ੀ ਦੀਆਂ ਲਾਜ਼ਮੀ ਕਰੈਡਿਟ ਸ਼ਰਤਾਂ ਵਾਸਤੇ ESL ਜਾਂ ELD ਦੇ ਤਿੰਨ ਤਕ ਬਦਲਵੇਂ ਕੋਰਸ ਲੈ ਸਕਦੇ ਹਨ

ਵਾਧੂ ESL/ELD ਕਰੈਡਿਟਸ ਨੂੰ ਉਨ੍ਹਾਂ ਦੇ ਡਿਪਲੋਮੇ ਲਈ ਚੋਣਵੇਂ ਕਰੈਡਿਟਸ ਵਜੋਂ ਗਿਣਿਆ ਜਾ ਸਕਦਾ ਹੈ

ਇਤਹਾਸ, ਸਾਇੰਸ, ਕੈਰੀਅਰ ਸਟੱਡੀਜ਼, ਨਾਗਰਿਕ ਸ਼ਾਸਤਰ, ਅਤੇ ਦੂਸਰੇ ਲਾਜ਼ਮੀ ਵਿਸ਼ੇ ਵਿਸ਼ੇਸ਼ ਤੌਰ ਤੇ-ਅਨੁਕੂਲ ਕੀਤੇ ਕੋਰਸ





## ESL/ELD ਪ੍ਰੋਗਰੈਮਾਂ ਦੇ ਕੀ ਫਾਇਦੇ ਹੁੰਦੇ ਹਨ?

• ਵਿਦਿਆਰਥੀ ਸਕੂਲ ਵਿੱਚ ਅਕਾਦਮਿਕ ਸਫਲਤਾ ਪ੍ਰਾਪਤ ਕਰਨ ਲਈ ਅੰਗਰੇਜ਼ੀ ਵਰਤਣ ਦੀ ਯੋਗਤਾ ਪ੍ਰਾਪਤ ਕਰਦੇ ਹਨ

• ਵਿਦਿਆਰਥੀ ਭਿੰਨ ਭਿੰਨ ਸਥਿਤੀਆਂ ਵਿੱਚ ਸੰਚਾਰ ਕਰਨ ਲਈ ਬੋਲਣ ਅਤੇ ਲਿਖਤੀ ਅੰਗਰੇਜ਼ੀ ਦੀ ਵਰਤੋਂ ਕਰਨ ਦੀ ਯੋਗਤਾ ਵਿਕਸਤ ਕਰਦੇ ਹਨ

• ਵਿਦਿਆਰਥੀ ਕਨੇਡਾ ਅਤੇ ਆਪਣੀ ਕਮਿਊਨਿਟੀ ਦੀ ਸਮਾਜਕ, ਆਰਥਕ, ਸਿਆਸੀ, ਅਤੇ ਸਭਿਆਚਾਰਕ ਜ਼ਿੰਦਗੀ ਵਿੱਚ ਬਿਹਤਰ ਤੌਰ ਤੇ ਸ਼ਾਮਲ ਹੋਣ ਦੇ ਯੋਗ ਹੋ ਜਾਂਦੇ ਹਨ।

• ਵਿਦਿਆਰਥੀਆਂ ਨੂੰ ਉਨ੍ਹਾਂ ਦੀ ਆਪਣੇ ਅਤੇ ਦੂਜਿਆਂ ਦੇ ਸਭਿਆਚਾਰਾਂ, ਪਿਛੋਕੜਾਂ ਅਤੇ ਭਾਸ਼ਾਵਾਂ ਦੀ ਵਧੇਰੇ ਸਮਝ ਪ੍ਰਾਪਤ ਹੁੰਦੀ ਹੈ।

